Samund Singh was a jewel of the Chief Khalsa Dewan's Annual Conferences and religious festivals and darbars. Recipient of high honours from many Kirtan darbars and institutions, he was honoured by the highest gurdwaras and was honoured by the Punjab Government with the first Bhai Mardana Award. He started the Gurbani Ragi Sabha in Ludhiana to unite all the ragi singh and was its president for 16 years.

He used to select Shabads according to time and place and his selection was always unusual and fitting to the occasion. His favourite ragas were : Sorath, Multani, Kafi, Sindhi Bhairavi, Maund, Durbari and Asavari. His masterpiece has been "Bhinni rainarhay chamkan tarai" in the Sorath Raga. Other favourite shabads associated with his name are 'Man bairag bhaya darsan dekhnai ka chau'

in the Raga Behag 'Mohai Kab Gal lavhage' in the Sorath Raga, 'Prabh Ji khasmana kar piare' in the Sorath Raga, Jo nar dukh men dukh mahin mani' in the Kalyan Raga in 14 matras "beats", "Dhan su des jahan toon vassia, mere sajan meet murarai jeeyo' in the Sindhi Bhariavi raga and 'Kiyoon Jiwan Pritam bin maai' in the Yaman Kalyan Raga.

Among the morning ragas he particularly liked Ramkali, Aheer Bharav, Asawari. His rendering of the Shabads in these ragas was filled with melodic sweetness. He particularly liked to sing two types of shabads: separation from the Prabhu full of yearnings, and the second type was Bainti, or be searching the Lord.

He sang the famous Pauri, 'Kal taran Guru Nanak aya' in the Raga Bahar in the film Nanak Nam Jahaz Hair and it was a great spiritual message to millions all over the world. The last shabad he sang at Jullundur Radio was "Mail lehu dial dhai pai dwaria, rakh levhu Din Dayal bharmat bahu haria."

He would get up at dawn, take his bath and do Pathh from the Bani, he loved Sikhmani Sahib and would do its pathh twice a day. When asked why two times, he replied "One for his world, and one for the other world.

He spent all his life in singing Gurbani. He would say, "Kirtan is the basis of my life. My purpose! And it gives me purpose" Lying ill in hospital, his last wish was to listen to the shabad from Bhai Teja Singh, one of his accompanist in his ragi Jatha, and he himself sang in low tunes: 'Har har nam japantaya kachchu na kahe jamkal, Nanak man tan sukhi hoe ante milai Gopal'. With these words on his lips he went into a coma two days before his death. He breathed his last on January 5, 1972 at sunset in Brown Hospital, Ludhiana. His son Harbhajan Singh and a few relatives were by his bed-side.

Writers, sholars and artists admired and paid tributes to him for his usual musical genius and for his very pure and exalted tradition of singing Gurbani. Gurbaksh Singh of Preetari, Khuswant Singh, Bhai Jodh Singh, Sant Sujan Singh and Dilip Chander Bedi paid tributes to him. H was called the "King of the Swara" and was known as "Behre Mausiqui" (the ocean of music). With his passing away the great musical tradition of the purest from of singing Gurbani was passed on to his disciples and other ragis who carry his spirit and light and make it a living musical flame in the singing tradition of Gurbani.

Courtesy : http://www.gurmatsangeetlibrary.com

# ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਸਿਰਲੇਖਾਂ, ਸੰਕੇਤਾਂ ਦਾ ਸੰਗੀਤਕ ਮਹੱਤਵ

ਡਾ: ਹਰਜਸ ਕੌਰ

ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਸੰਪਾਦਨਾ ਨੂੰ ਵਿਭਿੰਨ ਸਿਰਲੇਖਾਂ, ਸੰਕੇਤਾਂ ਆਦਿ ਦੁਆਰਾ ਸਰੂਪਿਤ ਕੀਤਾ ਗਿਆ ਹੈ। ਇਹ ਵਿਭਿੰਨ ਸੰਗੀਤਕ ਸਿਰਲੇਖ ਜਿਥੇ ਸੁਤੰਤਰ ਹੋਂਦ ਰਖਦੇ ਹਨ ਉਥੇ ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਕੁਲ ਸੰਪਾਦਨਾ ਅਤੇ ਇਸ ਦੀ ਸੰਚਾਰ ਪ੍ਰਕ੍ਰਿਆ ਵਿੱਚ ਇਨ੍ਹਾਂ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੈ। ਇਸ ਸੰਪਾਦਨਾ ਦਾ ਆਧਾਰ ਰਾਗਤਮਕ ਹੈ ਅਜਿਹਾ ਵਿਭਿੰਨ ਰਾਗਾਂ ਦੇ ਸਿਰਲੇਖਾਂ ਤੋਂ ਸਪਸ਼ਟ ਹੈ। ਇਹ ਸਿਰਲੇਖ ਤੇ ਸੰਕੇਤ ਆਪਣਾ ਵਿਸ਼ੇਸ਼ ਵਿਗਿਆਨਕ ਆਧਾਰ ਰੱਖਦੇ ਹਨ। ਇਸ ਤੋਂ ਪਹਿਲਾਂ ਕਿ ਇਨ੍ਹਾਂ ਸੰਕੇਤਾਂ ਸਬੰਧੀ ਸੁਤੰਤਰ ਰੂਪ ਵਿੱਚ ਵਿਚਾਰੀਏ, ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਦੇ ਲਿਖਿਤ ਸਰੂਪ ਨੂੰ ਪਹਿਚਾਣ ਲੈਣਾ ਅਤਿ ਜ਼ਰੂਰੀ ਹੈ।

ਰਾਗਾਂ ਸਬੰਧੀ ਸਿਰਲੇਖ: ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਦਰਜ ਰਾਗ, ਮਹਲਾ, ਘਰੁ ਆਦਿ ਸਿਰਲੇਖਾਂ ਵਿਚੋਂ ਰਾਗ ਦਾ ਸਭ ਤੋਂ ਪਹਿਲਾਂ ਆਉਣਾ ਇਹ ਸੰਕੇਤ ਕਰਦਾ ਹੈ ਕਿ ਸਬੰਧਿਤ ਬਾਣੀ ਦਾ ਗਾਇਨ ਨਿਰਧਾਰਤ ਰਾਗ ਅਧੀਨ ਕਰਨਾ ਹੈ। ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਰਾਗਾਂ ਦੇ ਸਿਰਲੇਖ ਮਿਲੇ ਹਨ ਜੋ ਇਸ ਪ੍ਰਕਾਰ ਹਨ:

ਸੁੱਧ ਰਾਗ: ਗੁਰਬਾਣੀ ਵਿੱਚ ਸੁੱਧ ਰਾਗਾਂ (ਮੁੱਖ ਰਾਗਾਂ) ਦੇ ਸਿਰਲੇਖ ਸਿੱਧੇ ਰੂਪ ਵਿੱਚ ਹੀ ਅੰਕਿਤ ਹਨ। ਉਦਾਹਰਣ ਦੇ ਤੌਰ ਤੇ ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਦਰਜ ਤਤਕਰੇ ਵਿੱਚ ਇਕੱਤੀ ਰਾਗ ਸਿਰੀ, ਮਾਝ, ਗਉੜੀ, ਆਸਾ ਆਦਿ ਸੁੱਧ ਰਾਗ ਹਨ।

ਮਿਸ਼ਰਤ ਰਾਗ: ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਮਿਸ਼ਰਤ ਰਾਗਾਂ ਦੇ ਸਿਰਲੇਖ ਵਿਭਿੰਨ ਰੂਪਾਂ ਵਿੱਚ ਮਿਲਦੇ ਹਨ ਉਦਾਹਰਣ ਦੇ ਤੌਰ ਤੇ ਰਾਗ 'ਰਾਗ ਗਉੜੀ ਮਾਝ ਮਹਲਾ ੪'[1] ਦਾ ਸਿਰਲੇਖ 'ਗਉੜੀ ਮਹਲਾ ੫ ਮਾਝ' ਹੈ ਭਾਵ ਗਉੜੀ + ਮਾਝ ਦੇ ਰਾਗ ਦੇ ਮਿਸ਼ਰਣ ਤੋਂ ਰਾਗ ਗਉੜੀ ਮਾਝ ਦੀ ਰਚਨਾ ਹੋਈ। ਇਨ੍ਹਾਂ ਤੋਂ ਇਲਾਵਾ ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ 'ਬਸੰਤ ਮਹਲਾ ੧ ਹਿੰਡੋਲੋ[2]''ਪ੍ਰਭਾਤੀ ਮਹਾਲ ੪ ਬਿਭਾਸ[3] ਆਦਿ ਰਾਗ ਵਜੋਂ ਅੰਕਿਤ ਹਨ।' ਮਿਸ਼ਰਤ ਰਾਗ ਛਾਇਆਲਗ ਤੇ ਸੰਕੀਰਣ ਪ੍ਰਕ੍ਰਿਤੀ ਦੇ ਹਨ। ਸੰਕੀਰਣ ਪ੍ਰਕ੍ਰਿਤੀ ਦਾ ਇਕ ਰਾਗ 'ਗਉੜੀ ਪੂਰਬੀ ਦੀਪਕੀ' ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਪੰਨਾ 247 ਤੇ ਦਰਜ ਹੈ।

ਦੱਖਣੀ ਪੱਧਤੀ ਦੇ ਰਾਗ: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਂ ਨੂੰ ਵਧਾਉਣ ਲਈ ਦੱਖਣੀ ਜਾਂ ਕਰਨਾਟਕੀ ਸੰਗੀਤ ਪੱਧਤੀ ਦੇ ਰਾਗਾਂ ਦਾ ਵੀ ਇਸਤੇਮਾਲ ਕੀਤਾ। ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਰਾਗਾਂ ਦੇ ਨਾਮ ਨਾਲ ਅੰਕਿਤ 'ਦਖਣੀ' ਸ਼ਬਦ ਦੱਖਣੀ ਪੱਧਤੀ ਦੇ ਰਾਗ ਹੋਣ ਦਾ ਸੂਚਕ ਹਨ ਅਤੇ ਇਨ੍ਹਾਂ ਦੇ ਨਾਦਾਤਮਕ ਸਰੂਪ ਵੀ ਦੱਖਣੀ ਪੱਧਤੀ ਵਿੱਚ ਹੀ ਮਿਲਦੇ ਹਨ। ਇਹ ਦੱਖਣੀ ਰਾਗ ਪ੍ਰਕਾਰ ਮੁੱਖ ਰਾਗਾਂ ਅਧੀਨ ਦਰਜ ਹਨ। ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਗਉੜੀ ਦਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦਖਣੀ ਦੱਖਣੀ ਪੱਧਤੀ ਦੇ ਰਾਗ ਹਨ।

ਸੁਧੰਗ: ਸੁਧੰਗ ਤੋਂ ਭਾਵ ਸ਼ੁੱਧ ਅੰਗ ਜਾਂ ਜਿਸ ਵਿੱਚ ਸਾਰੇ ਸੁਰ ਸ਼ੁੱਧ ਲਗਦੇ ਹਨ। ਰਾਗ ਆਸਾਵਰੀ ਸੁਧੰਗ, ਰਾਗ ਆਸਾਵਰੀ ਦੇ ਇਕ ਸਰੂਪ ਵਿੱਚ ਕੋਮਲ ਰਿਸ਼ਭ ਲਗਦਾ ਹੈ ਅਤੇ ਦੂਸਰੇ ਸਰੂਪ ਵਿੱਚ ਰਿਸ਼ਭ ਸ਼ੁੱਧ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਰਤੀ ਸੰਗੀਤ ਵਿੱਚ ਪ੍ਰਾਚੀਨ ਸਮੇਂ ਕੋਮਲ ਰਿਸ਼ਭ ਵਾਲੀ ਆਸਾਵਰੀ ਪ੍ਰਚਲਿਤ ਸੀ ਪਰ ਇਸ ਨੂੰ ਕੋਮਲ ਰਿਸ਼ਭ ਵਾਲੀ ਆਸਾਵਰੀ ਨਹੀਂ ਸੀ ਲਿਖਿਆ ਜਾਂਦਾ ਸਗੋਂ ਸ਼ੁੱਧ ਅੰਗ ਵਾਲੀ ਆਸਾਵਰੀ ਨੂੰ 'ਆਸਾਵਰੀ ਸੁਧੰਗ' ਦਾ ਨਾਮ ਦਿੱਤਾ ਜਾਂਦਾ ਸੀ। ਗੁਰਮਤਿ ਸੰਗੀਤ ਵਿੱਚ ਆਸਾਵਰੀ ਦੇ ਦੋਵਾਂ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਕੋਮਲ ਰਿਸ਼ਭ ਵਾਲੀ ਆਸਾਵਰੀ ਨੂੰ 'ਆਸਾਵਰੀ' ਅਤੇ ਸ਼ੁੱਧ ਰਿਸ਼ਭ ਵਾਲੀ ਆਸਾਵਰੀ ਲਈ 'ਆਸਾਵਰੀ ਸੁਧੰਗ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਰਹਾਉ: ਗੁਰਬਾਣੀ ਵਿੱਚ ਸੰਗੀਤਕ ਪੱਖੋਂ ਰਹਾਉ ਇਕ ਮਹੱਤਵਪੂਰਨ ਇਕਾਈ ਹੈ। ਰਹਾਉ ਦੀ ਤੁਕ ਵਿੱਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਬਾਣੀ ਦੀ ਵਿਚਾਰ ਦੇ ਸੰਦਰਭ ਜਿਥੇ ਰਹਾਉ ਦੀ ਤੁੱਕ ਅਹਿਮ ਭੂਮਿਕਾ ਨਿਭਾਉਂਦੀ ਹੈ ਉਥੇ ਸੰਗੀਤਕ ਸੰਚਾਰ ਲਈ ਰਹਾਉ ਕੇਂਦਰੀ ਧੁਰਾ ਹੈ। ਭਾਰਤੀ ਸੰਗੀਤ ਵਿੱਚ ਰਹਾਉ ਨੂੰ ਧਰੁਵ, ਟੇਕ ਅਤੇ ਸਥਾਈ ਸ਼ਬਦ ਨਾਲ ਵੀ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ। ਗੁਰਬਾਣੀ ਸੰਗੀਤ ਵਿੱਚ ਰਹਾਉ ਦੀ ਤੁਕ ਨੂੰ ਸਥਾਈ ਮੰਨ ਕੇ ਹਰ ਅੰਤਰੇ ਤੋਂ ਬਾਅਦ ਬਾਰ ਬਾਰ ਗਾਇਨ ਕਰਨ ਦੀ ਪਰੰਪਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖਕੇ ਕਈ ਸ਼ਬਦਾਂ ਵਿੱਚ ਰਹਾਉ ਦੋ, ਰਹਾਉ ਤਿੰਨ ਅਤੇ ਰਹਾਉ ਚਾਰ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਉਨ੍ਹਾਂ ਲਈ ਰਹਾਉ ੧, ਰਹਾਉ ੨ ਇਸ ਤਰ੍ਹਾਂ ਅੰਕ ਵਿਦਮਾਨ ਹਨ। ਸ਼ਬਦ ਵਿੱਚ ਜਦੋਂ ਸਮੱਸਿਆ ਦਾ ਸਮਾਧਾਨ ਹੋ ਜਾਂਦਾ ਹੈ ਤਾਂ ਉਥੇ ਰਹਾਉ ਦੀ ਤੁੱਕ ਬਦਲ ਜਾਂਦੀ ਹੈ। ਇਸ ਲਈ ਰਹਾਉ ਦੂਜੇ ਦੀ ਤੁਕ ਨੂੰ ਸਥਾਈ ਤੌਰ ਤੇ ਗਾਇਨ ਕਰਨਾ ਹੈ। ਸ਼ਬਦ ਨੂੰ ਨਿਰਧਾਰਤ ਬਾਣੀ ਪ੍ਰਬੰਧ ਅਨੁਸਾਰ ਰਹਾਉ ਦੀ ਤੁਕ ਦਾ ਬਾਰ ਬਾਰ ਗਾਇਨ, ਜਿਥੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿੱਚ ਸਹਾਈ ਹੈ ਉਥੇ ਭਾਵਾਂ ਵਿੱਚ ਦ੍ਰਿੜਤਾ ਪ੍ਰਦਾਨ ਕਰਨ ਹਿੱਤ ਤੀਬਰਤਾ ਦਾ ਵਾਧਾ ਕਰਦੀ ਹੈ।

ਅੰਕ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਬਦ ਨੂੰ ਵਿਭਿੰਨ ਅੰਕਾਂ ਦੁਆਰਾ ਵਿਭਾਜਿਤ ਕੀਤਾ ਗਿਆ ਹੈ। ਸ਼ਬਦ ਵਿੱਚ ਰਹਾਉ ਦੀ ਤੁਕ ਤੋਂ ਬਿਨਾਂ ਤੁਕਾਂ ਦੀ ਸਮਾਪਤੀ ਤੇ ੧, ੨, ੩, ੪ ਆਦਿ ਅੰਕ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ ਜਾਂ ਅੰਤਰੇ ਦੀ ਸੀਮਾ ਦਰਸਾਉਂਦੇ ਹਨ ਤਾਂ ਜੋ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਰਹਾਉ ਦੀ ਤੁਕ ਦਾ ਬਾਰ ਬਾਰ ਗਾਇਨ ਹੋ ਸਕੇ। ਇਨ੍ਹਾਂ ਅੰਕਾਂ ਤੋਂ ਹੀ ਸ਼ਬਦ ਦੀ ਕਾਵਿ/ਗਾਇਨ ਸ਼ੈਲੀ ਦਾ ਗਿਆਨ ਹੁੰਦਾ ਹੈ, ਉਦਾਹਰਣ ਦੇ ਤੌਰ ਤੇ ਚਉਪਦੇ ਵਿੱਚ ਚਾਰ ਪਦੇ, ਦੁਪਦੇ ਵਿੱਚ ਦੋ ਪਦੇ ਹੁੰਦੇ ਹਨ। ਇਨ੍ਹਾਂ ਪਦਿਆਂ ਦੀ ਗਿਣਤੀ ਸਾਨੂੰ ਅੰਕਾਂ ਤੋਂ ਹੀ ਪਤਾ ਲੱਗਦੀ ਹੈ ਕਿ ਇਸ ਸ਼ਬਦ ਦੇ ਕੁਲ ਕਿੰਨੇ ਬੰਦ ਹਨ। ਇਹ ਅੰਕ ਜਾਂ ਅੰਤਰੇ ਦੀ ਤੁਕ ਦਾ ਸਬੰਧ ਰਹਾਉ ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਉਪਜਿਤ ਸਮੱਸਿਆ ਦੇ ਸਮਾਧਾਨ ਲਈ ਪ੍ਰਮਾਣ, ਦਲੀਲਾਂ, ਉਕਤੀਆਂ ਜਾਂ ਉਦਾਹਰਣਾਂ ਦਾ ਰੂਪ ਹਨ। ਸ਼ਬਦ ਵਿੱਚ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਤੇ ਆਉਣ ਦੀ ਪ੍ਰਕ੍ਰਿਆ ਸ਼ਬਦ ਦੇ ਅੰਤਰਨਿਹਿਤ ਭਾਵਾਂ ਦਾ ਬੋਧ ਕਰਵਾਉਣ ਦੇ ਸਮਰੱਥ ਹੁੰਦੀ ਹੈ।

ਗਾਇਨ ਸ਼ੈਲੀਆਂ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਸਟਪਦੀ ਪਦੇ, ਪੜਤਾਲ, ਛੰਤ, ਘੋੜੀਆਂ, ਅਲਾਹੁਣੀਆਂ, ਅੰਜੁਲੀ, ਮੁੰਦਾਵਣੀ ਕਾਵਿ ਰੂਪ/ਗਾਇਨ ਸ਼ੈਲੀਆਂ ਸਿਰਲੇਖ ਵਜੋਂ ਮਿਲਦੀਆਂ ਹਨ। ਗਰਮਤਿ ਸੰਗੀਤ ਦੇ ਅੰਤਰਗਤ ਗੁਰੂ ਸਾਹਿਬਾਨ ਨੇ ਜਿਥੇ ਧਰੁਪਦ, ਪ੍ਰਬੰਧ, ਪੜਤਾਲ ਜਿਹੀਆਂ ਸ਼ਾਸਤਰੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਉਥੇ ਅਲਾਹੁਣੀਆਂ, ਘੋੜੀਆਂ, ਵਾਰ, ਸੋਲਹੇ, ਛੰਤ, ਮੁੰਦਾਵਣੀ ਆਦਿ ਦੇਸੀ ਜਾਂ ਲੋਕ ਰੂਪਾਂ ਦਾ ਵੀ ਇਸਤੇਮਾਲ ਕੀਤਾ। ਬਾਣੀ ਲਈ ਪ੍ਰਯੁਕਤ ਇਨ੍ਹਾਂ ਗਾਇਨ ਸ਼ੈਲੀਆਂ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਅਨੁਸ਼ਾਸ਼ਨ ਅਧੀਨ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖ ਕੇ ਪ੍ਰਯੋਗ ਵਿੱਚ ਲਿਆਇਆ ਗਿਆ। ਇਥੇ ਇਨ੍ਹਾਂ ਸ਼ੈਲੀਆਂ ਨੂੰ ਸੰਗੀਤਕ

ਨਾਮ ਦੀ ਬਜਾਏ ਬਾਣੀ ਪ੍ਰਧਾਨ ਹੋਣ ਕਰਕੇ ਕਾਵਿਕ ਨਾਮ ਦਿੱਤਾ ਗਿਆ ਹੈ। ਭਿੰਨ ਭਿੰਨ ਕਾਵਿ ਰੂਪ ਭਿੰਨ ਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਉੱਤੇ ਆਧਾਰਿਤ ਹਨ ਜਿਵੇਂ ਅਸਟਪਦੀ ਬਾਣੀ ਪ੍ਰਬੰਧ ਰੂਪ ਵਿੱਚ, ਪਦ ਬਾਣੀ ਰੂਪ ਧਰੁਪਦ ਦੇ ਗਾਇਨ ਰੂਪ ਵਿੱਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਾਇਨ ਸ਼ੈਲੀ ਦਾ ਸਿਰਲੇਖ ਰੂਪ ਵਿੱਚ ਆਉਣਾ ਇਹ ਸੰਕੇਤ ਕਰਦਾ ਹੈ ਕਿ ਸ਼ਬਦ ਨੂੰ ਸਬੰਧਿਤ ਰਾਗ ਅਧੀਨ ਨਿਰਧਾਰਤਿ ਗਾਇਨ ਸ਼ੈਲੀ ਵਿੱਚ ਗਾਇਨ ਕਰਨਾ ਹੈ।

ਘਰੁ: ਗੁਰਬਾਣੀ ਵਿਚ ਰਾਗ ਤੋਂ ਬਾਅਦ ਅਗਲਾ ਸੰਗੀਤਕ ਸੰਕੇਤ ਘਰੁ ੧, ਘਰੁ ੨ ਆਦਿ ਇਸ ਤਰ੍ਹਾਂ ਸਿਰਲੇਖ ਰੂਪ ਵਿੱਚ ਅੰਕਿਤ ਹੈ। ਘਰੁ ਦੀ ਕੁਲ ਗਿਣਤੀ 17 ਹੈ। ਘਰੁ ਦੇ ਸਬੰਧ ਵਿੱਚ ਵਿਦਵਾਨਾਂ ਦੇ ਵੱਖ ਵੱਖ ਮੱਤ ਹਨ। ਭਾਈ ਵੀਰ ਸਿੰਘ ਜੀ ਅਨੁਸਾਰ, "ਸਾਜ਼ਾਂ ਵਿੱਚ ਭਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਤੋਂ ਘਰੁ ਹਨ। ਘਰੁ ੧ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦਾ ਸੰਕੇਤ ਹੈ।"[1] ਭਾਈ ਕਾਨ੍ਹ ਸਿੰਘ ਨਾਭਾ ਘਰੁ ਸਬੰਧੀ ਲਿਖਦੇ ਹਨ, 'ਗੁਰਮਤਿ ਸੰਗੀਤ ਅਨੁਸਾਰ ਘਰੁ ਦੇ ਦੋ ਅਰਥ ਹਨ। ਇਕ ਤਾਲ ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ।[2] ਬਹੁਮਤ ਵਿਦਵਾਨਾਂ ਨੇ ਘਰੁ ਨੂੰ ਤਾਲ ਵਜੋਂ ਸਵੀਕਾਰਿਆ ਹੈ। ਘਰੁ ਪਦ ਦੇ ਅੱਗੇ ਜੋ ਅੰਕ ਹੋਵੇ ਉਸ ਅਨੁਸਾਰ ਸਮਝ ਲੈਣਾ ਚਾਹੀਦਾ ਹੈ ਕਿ ਸ਼ਬਦ ਉਸ ਤਾਲ ਵਿਚ ਗਾਉਣਾ ਹੈ ਕਿਉਂਕਿ ਸੁਰ, ਤਾਲ, ਲਯ, ਅੰਗ, ਨਯਾਸ, ਗ੍ਰਹਿ ਇਹੋ ਗੱਲਾਂ ਰਾਗ ਦਾ ਸਰੂਪ ਪ੍ਰਕਾਸ਼ ਦੀਆਂ ਹਨ। ਇਸ ਲਈ ਜਿੰਨੇ ਜਿੰਨੇ ਤਾਲ ਵਿਚ ਜੋ ਜੋ ਰਾਗ ਦਾ ਸ਼ਬਦ 'ਜੋ ਬਾਣੀ ਉਚਰੀ ਸੋ ਸੋ ਗਾਉਣ ਲਈ ਤਾਲ ਦਾ ਪਤਾ ਲਿਖਿਆ ਹੈ।[3] ਘਰੁ ਦੇ ਸਬੰਧ ਇਕ ਗਾਹ, ਦੋ ਗਾਹ, ਸਿਰ ਗਾਹ, ਚਾਰ ਗਾਹ ਆਦਿ ਆਖਿਆ ਜਾਂਦਾ ਹੈ।[4] ਸੋ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਗਾਹ, ਜਿਸ ਦਾ ਅਰਥ ਘਰ ਹੈ ਨੂੰ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ। ਫਾਰਸੀ ਬਹਿਰ ਦੀ ਬੁਨਿਆਦ 'ਤੇ ਇਹ ਮਤ ਵੀ ਪ੍ਰਚਾਰ ਵਿੱਚ ਹੈ ਕਿ ਅਮੀਰ ਖੁਸਰੋ ਨੇ 17 ਤਾਲ ਇਜਾਦ ਕੀਤੇ ਜਿਨ੍ਹਾਂ ਦੇ ਨਾਮ ਪਸ਼ਤੋ, ਜ਼ੋਬਹਾਰ, ਕੱਵਾਲੀ, ਸੂਲਫਾਖਤਾ, ਜਤ ਜਲਦ, ਤਿਲਾਲਾ, ਸਵਾਰੀ, ਆੜਾ ਚੋਤਾਲ, ਝੂਮਰਾ, ਜ਼ਮਾਨੀ ਸਵਾਰੀ, ਦਾਸਤਾਨ, ਖਮਸ, ਫਰੋਦਸਤ, ਕੈਦ, ਪਹਿਲਵਾਨ, ਪਟ ਅਤੇ ਚਪਕ ਹਨ।[5] ਇਹ 17 ਤਾਲ ਮੱਧ ਕਾਲ ਵਿੱਚ ਭਾਰਤੀ ਸੰਗੀਤ ਵਿੱਚ ਪ੍ਰਚਾਰ ਵਿੱਚ ਸਨ। ਸੰਭਵ ਹੈ ਕਿ ਗੁਰੂ ਸਾਹਿਬਾਨ ਦੇ ਵਰਤੇ 17 ਘਰੁ ਇਹ ਭਾਰਤੀ ਸੰਗੀਤ ਵਿੱਚ ਪ੍ਰਚਲਿਤ ਇਹ 17 ਘਰੁ ਹੀ ਹੋਣ। ਕੁੱਝ ਵੀ ਹੋਵੇ ਬਹੁਤੇ ਵਿਦਵਾਨ ਘਰੁ ਨੂੰ ਤਾਲ ਵਜੋਂ ਹੀ ਸਵੀਕਾਰ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਘਰੁ ਦੇ ਸਿਰਲੇਖ ਗਿਣਤੀ ਤੋਂ ਇਲਾਵਾ ਤਿੰਨ ਹੋਰ ਸਿਰਲੇਖ ਮਿਲਦੇ ਹਨ।

ਏਕ ਸੁਆਨ ਕੈ ਘਰਿ ਗਾਵਣਾ: ਏਕ ਸੁਆਨ ਕੈ ਘਰਿ ਗਾਵਣਾ ਤੋਂ ਭਾਵ ਇਸ ਸ਼ਬਦ ਨੂੰ ਉਸੇ ਘਰੁ ਵਿੱਚ ਗਾਉਣਾ ਹੈ ਜਿਸ ਵਿੱਚ ਸ੍ਰੀ ਰਾਗ ਦਾ ਸ਼ਬਦ 'ਏਕ ਸੁਆਨ ਦੁਇ ਸੁਆਨੀ ਨਾਲਿ' ਗਾਈਦਾ ਹੈ ਉਸੇ ਘਰ ਵਿੱਚ ਇਹ ਸ਼ਬਦ ਗਾਉਣ ਦਾ ਸੰਕੇਤ ਹੈ।

ਰਹੋਏ ਕੈ ਛੰਤ ਕੇ ਘਰਿ ਗਾਵਣਾ: ਜਿਸ ਧਾਰਨਾ ਜਾਂ ਸ੍ਵਰ ਪ੍ਰਸਤਾਰ ਵਿੱਚ ਰਹੋਆ ਛੰਤ ਦਾ ਗਾਇਨ ਕੀਤਾ ਜਾਂਦਾ ਹੈ। ਰਹੋਆ ਇਕ ਪ੍ਰਕਾਰ ਦਾ ਪੰਜਾਬੀ ਗੀਤ ਹੈ ਜੋ ਲੰਮੀ ਹੇਕ ਨਾਲ ਗਾਈਦਾ ਹੈ ਅਤੇ ਇਸ ਵਿੱਚ ਰਹਾਉ ਦੀ ਤੁਕ ਦਾ ਵਾਰ ਵਾਰ ਗਾਇਨ ਕੀਤਾ ਜਾਂਦਾ ਹੈ। ਇਸੇ ਰਹੋਏ ਦੀ ਰੀਤ 'ਤੇ ਹੀ ਸਬੰਧਿਤ ਸ਼ਬਦ 'ਹੈ ਕੋਈ ਰਾਮ ਪਿਆਰੋ ਗਾਵੈ' ਗਾਇਨ ਕਰਨਾ ਹੈ।

ਘਰ ਬਾਰੇ ਵਿਦਵਾਨਾਂ ਦੇ ਵੱਖ੍ਰਵੱਖ ਮੱਤ ਹੋਣ ਦੇ ਬਾਵਜੂਦ ਬਹੁਤੇ ਵਿਦਵਾਨ ਇਸ ਨੂੰ ਤਾਲ ਵਜੋਂ ਸਵੀਕਾਰਦੇ ਹਨ। ਸਮੇਂ ਦੇ ਅੰਤਰਾਲ ਸਦਕਾ ਵਿਵਹਾਰਕ ਤੌਰ 'ਤੇ ਘਰੁ ਦਾ ਪ੍ਰਯੋਗ ਸਮਾਪਤ ਹੋ ਗਿਆ ਹੈ।

ਜਤਿ: ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਜਤਿ ਦਾ ਰਾਗ ਬਿਲਾਵਲ ਅਧੀਨ ਇਕ ਸਰਲੇਖ ਅੰਕਿਤ ਹੈ 'ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ।' 'ਜਤਿ ਜੋ ਭਾਰਤੀ ਸੰਗੀਤ ਵਿੱਚ ਯਤਿ ਦੇ ਨਾਮ ਤੋਂ ਪ੍ਰਚੱਲਿਤ ਹੈ।ਯਤਿ ਤੋਂ ਭਾਵ ਹੈ ਨਿਰੰਤਰ ਚਾਲ ਵਿੱਚ ਠਹਿਰਾਵ ਦੀਆਂ ਅਵਸਥਾਵਾਂ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਸੰਗੀਤ ਦੀ ਧਾਰਨਾ ਨਾਉ ਜਤਿ (ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਦਾ ਜਿਥੇ ਵਿਸ਼੍ਰਾਮ ਹੋਵੇ ਉਸ ਨੂੰ ਵੀ ਜਤਿ ਦੀ ਸੰਗਯਾ ਹੈ।'[6] ਡਾ. ਚਰਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ ਵਿਚ ਲਿਖਿਆ ਹੈ, 'ਜਤਿ, ਗਤਿ, ਸਪਥ ਇਹ ਤਿੰਨੇ ਜੋੜੀ ਦੇ ਕਰਤਬ ਹਨ, ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਅਤੇ ਖੱਬਾ ਹੱਥ ਬਜਾਏ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਕਹਿੰਦੇ ਹਨ। ਜਦ ਦੋਵੇਂ ਹੱਥ ਖੁਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁਲ੍ਹੀ ਨਿਕਲੇ (ਜਿਸ ਨੂੰ ਕੜ ਕੁਟ ਆਖਦੇ ਹਨ) ਤਾਂ ਉਸ ਦੀ ਸੰਗਯਾ ਸਾਥ ਹੁੰਦੀ ਹੈ'[7] ਜਤਿ ਦਾ ਸਬੰਧ ਜੋੜੀ ਵਜਾਉਣ ਦੀ ਇਕ ਗਤ ਨਾਲ ਹੈ।[8] ਵਰਤਮਾਨ ਸੰਗੀਤਾਚਾਰੀਆ ਜਤਿ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕਰਦੇ ਹਨ ਕਿ ਜਦੋਂ ਜੋੜੀ ਉੱਤੇ ਸੱਜਾ ਹੱਥ ਖੁਲ੍ਹਾ ਬੋਲ ਵਜਾਏ ਅਤੇ ਖੱਬਾ ਹੱਥਾ ਬੰਦ ਬੋਲ ਵਜਾਏ ਤਾਂ ਅਜਿਹੀ ਤਾਲ ਪ੍ਰਕ੍ਰਿਆ ਨੂੰ ਜਤਿ ਦਾ ਨਾਮ ਦਿੱਤਾ ਜਾਂਦਾ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਿਰਲੇਖ ਤੋਂ ਭਾਵ ਹੈ ਕਿ ਰਾਗ ਬਿਲਾਵਲ ਅਧੀਨ ਥਿਤੀ ਦੇ ਵਿਸ਼ਿਸ਼ਟ ਵਿਸ਼ਰਾਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਸਵੇਂ ਘਰੁ ਦੀ ਲੈਅ ਵਿੱਚ ਇਸ ਸ਼ਬਦ ਦਾ ਗਾਇਨ ਕਰਨਾ ਹੈ।

ਧੁਨੀ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁਝ ਵਾਰਾਂ ਉਪਰ ਮੱਧਕਾਲ ਵਿਚ ਪ੍ਰਚਲਿਤ ਧੁਨੀਆਂ ਦੇ ਸਿਰਲੇਖ ਅੰਕਿਤ ਹਨ। ਉਦਾਹਰਣ ਦੇ ਤੌਰ 'ਤੇ:

- ਵਾਰ ਮਾਝ ਦੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥
- ਗਉੜੀ ਕੀ ਵਾਰ ਮਹਲਾ ੫

  ਰਾਇ ਕਮਾਲਦੀ ਮੋਜਦੀ ਕੀ ਵਾਰ ਦੀ ਧੁਨਿ ਉਪਰਿ ਗਾਵਣੀ॥
- ਆਸਾ ਮਹਲਾ ੧ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਿਲੇ ਦੇ ਲਿਖੇ ਟੁੰਡੇ ਅਸਰਾਜੇ ਦੀ ਧੁਨੀ ਆਦਿ

ਉਪਰੋਕਤ ਸਿਰਲੇਖਾਂ ਤੋਂ ਸਪਸ਼ਟ ਹੈ ਕਿ ਵਾਰ ਦਾ ਗਾਇਨ ਕਰਨ ਲਈ ਜਿਥੇ ਲੋਕ ਸੰਗੀਤ ਅੰਗ ਤੋਂ ਧੁਨੀ ਦਾ ਸੰਕੇਤ ਹੈ, ਉਥੇ ਸ਼ਾਸਤਰੀ ਸੰਗੀਤ ਦੇ ਤੋਰ 'ਤੇ ਰਾਗ ਵੀ ਨਿਰਧਾਰਤ ਕੀਤੇ ਗਏ ਹਨ। ਲੋਕ ਵਾਰਾਂ ਦੀਆਂ ਧੁਨੀਆਂ ਉਤੇ ਰਾਗਾਂ ਦਾ ਨਿਰਧਾਰਣ ਗੁਰਮਤਿ ਸੰਗੀਤ, ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦਾ ਮੇਲ ਦਰਸਾਉਂਦਾ ਹੈ। ਗੁਰਬਾਣੀ ਵਾਰ, ਧੁਨੀ ਅਤੇ ਰਾਗ ਦੀ ਸੰਯੁਕਤ ਪ੍ਰਸਤੁਤੀ ਗੁਰਬਾਣੀ ਦੀਆਂ ਵਾਰਾਂ ਦੀ ਸੰਚਾਰ ਪ੍ਰਕ੍ਰਿਆ ਦੇ ਨਿਵੇਕਲੇ ਪ੍ਰਬੰਧ ਨੂੰ ਉਜਾਗਰ ਕਰਦੀ ਹੈ।

ਉਕਤ ਵਿਭਿੰਨ ਸਿਰਲੇਖ ਗੁਰਮਤਿ ਸੰਗੀਤ ਦੇ ਪ੍ਰਸਤੁਤੀ ਵਿਧਾਨ ਵਿੱਚ ਜਿਥੇ ਸੁਤੰਤਰ ਪਹਿਚਾਣ ਰਖਦੇ ਹਨ ਉਥੇ ਇਹ ਸੰਮਿਲਤ ਪੇਸ਼ਕਾਰੀ ਲਈ ਵਿਸ਼ੇਸ਼ ਮਹੱਤਵ ਰਖਦੇ ਹਨ ਜਿਨ੍ਹਾਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਨਾ ਅਤੇ ਮਹੱਤਵ ਪਹਿਚਾਨਣਾ ਅਤਿ ਜ਼ਰੂਰੀ ਹੈ।

ਹਵਾਲੇ ਤੇ ਟਿਪਣੀਆਂ: (1) ਗੁਰੂ ਗ੍ਰੰਥ ਕੋਸ਼, ਪੰਨਾ 302, (2) ਮਹਾਨ ਕੋਸ਼, ਪੰਨਾ 441, (3) ਭਾਈ ਵੀਰ ਸਿੰਘ, ਸੰਥਯਾ ਸ੍ਰੀ ਗੁਰੂਗ੍ਰੰਥ ਸਾਹਿਬ (ਪੋਥੀ ਪਹਿਲੀ) ਪੰਨਾ 182, (4) ਸ਼ਬਦਾਰਥ ਸ੍ਰੀ ਗੁਰੂਗ੍ਰੰਥ ਸਾਹਿਬ (ਪੋਥੀ ਪਹਿਲੀ) ਪੰਨਾ 74, (5) ਨਿਬੰਧ ਸੰਗੀਤ, ਪੰਨਾ 557-58, (6) ਮਹਾਨ ਕੋਸ਼, ਪੰਨਾ 502, (7) ਮਹਾਨ ਕੋਸ਼ ਪੰਨਾ 502, (8) ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂਗ੍ਰੰਥ ਸਾਹਿਬ ਦਰਪਣ (ਪੋਥੀ ਛੇਵੀਂ) ਪੰਨਾ 229

# ਪ੍ਰੋਫੈਸਰ ਤਾਰਾ ਸਿੰਘ ਸਿਮ੍ਰਤੀ ਸਮਾਰੋਹ -2014

ਡਾ. ਕੰਵਲਜੀਤ ਸਿੰਘ

ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਕੀਤੇ ਜਾ ਰਹੇ ਯਤਨਾਂ ਦੇ ਸਿੱਟੇ ਵਿਸ਼ਵ ਭਰ ਵਿਚ ਪ੍ਰਤੱਖ ਹੋ ਰਹੇ ਹਨ। ਇਹ ਸੰਸਥਾ ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਪਰੰਪਰਾਗਤ ਪਰਚਾਰ ਲਈ ਇਕ ਕੇਂਦਰੀ ਧੁਰਾ ਬਣ ਕੇ ਉਭਰੀ ਹੈ। ਡਾ. ਗੁਰਨਾਮ ਸਿੰਘ ਫਾਂਉਡਰ ਪ੍ਰੋਫੈਸਰ ਤੇ ਮੁਖੀ ਗੁਰਮਤਿ ਸੰਗੀਤ ਪ੍ਰੋਜੈਕਟ ਪੰਜਾਬੀ ਯੂਨੀਵਰਸਿਟੀ ਵਲੋਂ ਕੀਤੇ ਜਾ ਰਹੇ ਅਣਥਕ ਯਤਨਾਂ ਸਦਕਾ ਸਿੱਖ ਗੁਰੂ ਸਾਹਿਬਾਨ ਵਲੋਂ ਵਰੋਸਾਈ ਗਈ ਸ਼ਬਦ ਕੀਰਤਨ ਪਰੰਪਰਾ ਨੂੰ ਸਮਕਾਲੀਨ ਸੰਗੀਤ ਅਤੇ ਕੀਰਤਨ ਪਰੰਪਰਾਵਾਂ ਵਿਚ ਮੌਲਿਕ ਪਛਾਣ ਸਥਾਪਤ ਕਰਨ ਦਾ ਮੌਕਾ ਮਿਲਿਆ ਹੈ। ਹੁਣ ਭਾਰਤ ਹੀ ਨਹੀਂ ਸਗੋਂ ਵਿਸ਼ਵਭਰ ਦੇ ਸੰਗੀਤਕਾਰ ਗੁਰਮਤਿ ਸੰਗੀਤ ਪਰੰਪਰਾ ਦੀ ਮੌਲਿਕਤਾ, ਵਿਵਹਾਰਿਕਤਾ ਅਤੇ ਸੰਗੀਤ ਵਿਧਾਨ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਦੇਖਦੇ ਹੋਏ ਇਸ ਵਿਸ਼ੇ ਸਬੰਧੀ ਖੋਜ ਕਾਰਜ ਕਰ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਵਲੋਂ ਜਿਥੇ ਪੂਰਵਵਰਤੀ ਗੁਰਮਤਿ ਸੰਗੀਤਾਚਾਰੀਆਂ ਦੇ ਕਾਰਜਾਂ ਦੀ ਸੰਭਾਲ ਤੇ ਪਰਚਾਰ ਕੀਤਾ ਜਾ ਰਿਹਾ ਹੈ ਉਥੇ ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਦੇ ਸੰਗੀਤਕਾਰਾਂ ਨੂੰ ਬਣਦਾ ਸਨਮਾਨ ਤੇ ਸਥਾਨ ਦਿਵਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਨਾਂ ਯਤਨਾਂ ਅਧੀਨ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਆਧਾਰਭੂਤ ਕਾਰਜ ਕਰਨ ਵਾਲੇ ਵਿਦਵਾਨ ਖੋਜੀ ਸੰਗੀਤਕਾਰ ਤੇ ਗੁਰਮਤਿ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ ਜੀ ਦੀ ਸਿਮ੍ਰਤੀ ਨੂੰ ਸਦੀਵੀ ਬਨਾਉਣ ਲਈ ਗੁਰਮਤਿ ਸੰਗੀਤ ਭਵਨ ਵਿਖੇ ਉਨਾਂ ਦਾ ਇਕ ਵਿਸ਼ੇਸ਼ ਯਾਦਗਾਰੀ ਸਥਾਨ ਬਣਾਇਆ ਗਿਆ ਹੈ, ਜਿਥੇ ਪ੍ਰੋਫੈਸਰ ਸਾਹਿਬ ਨਾਲ ਜੁੜੀਆਂ ਵਸਤਾ, ਖਰੜੇ, ਸਾਜ਼ ਅਤੇ ਪੁਸਤਕਾਂ ਉਪਲਬਧ ਕਰਵਾਈਆਂ ਗਈਆਂ ਹਨ।

ਗੁਰਮਤਿ ਸੰਗੀਤ ਵਿਭਾਗ ਵਲੋਂ ਹਰ ਵਰ੍ਹੇ 18 ਸਤੰਬਰ ਨੂੰ ਪ੍ਰੋਫੈਸਰ ਤਾਰਾ ਸਿੰਘ ਸਿਮ੍ਰਤੀ ਸਮਾਰੋਹ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿਚ ਪ੍ਰੋਫੈਸਰ ਸਾਹਿਬ ਦਾ ਪਰਵਾਰ, ਸ਼ਿਸ਼ ਮੰਡਲ ਅਤੇ ਯੂਨੀਵਰਸਿਟੀ ਦੇ ਅਧਿਕਾਰੀ ਆਪਸੀ ਸਹਿਯੋਗ ਨਾਲ ਪ੍ਰੋਫਸਰ ਸਾਹਿਬ ਦੀਆਂ ਰਚਨਾਵਾਂ ਦੇ ਨਾਦਾਤਮਿਕ ਸਰੂਪ ਉਜਾਗਰ ਕਰਦੇ ਹਨ ਅਤੇ ਉਨਾਂ ਦੀ ਸ਼ਖ਼ਸੀਅਤ ਸਬੰਧੀ ਨਵੀ ਪੀੜ੍ਹੀ ਨੂੰ ਜਾਣੂ ਕਰਵਾਇਆ ਜਾਂਦਾ ਹੈ। ਇਸ ਸਮਾਗਮ ਵਿਚ ਗੁਰਮਤਿ ਸੰਗੀਤ ਵਿਭਾਗ ਗੁਰਮਤਿ ਸੰਗੀਤ ਚੇਅਰ ਅਤੇ ਪ੍ਰੋਫੇਸਰ ਸਾਹਿਬ ਦਾ ਸਮੂਹ ਸ਼ਿਸ਼ ਮੰਡਲ ਮਿਲ ਕੇ, ਪ੍ਰੋਫੈਸਰ ਤਾਰਾ ਸਿੰਘ ਦੇ ਕਾਰਜਾਂ ਦੀ ਤਰਜ਼ 'ਤੇ ਕਾਰਜਸ਼ੀਲ ਵਰਤਮਾਨ ਵਿਦਵਾਨਾਂ 'ਚੋ ਇਕ ਸੰਗੀਤਕਾਰ ਨੂੰ 'ਪ੍ਰੋਫੈਸਰ ਤਾਰਾ ਸਿੰਘ ਸਿਮ੍ਰਤੀ ਐਵਾਰਡ' ਦੇ ਕੇ ਸਨਮਾਣਿਤ ਕਰਦਾ ਹੈ।

ਇਸ ਵਰ੍ਹੇ ਇਹ ਸਮਾਗਮ 18 ਸਤੰਬਰ 2014 ਨੂੰ ਗੁਰਮਤਿ ਸੰਗੀਤ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗਿਆਨੀ ਸੰਤ ਸਿੰਘ ਮਸਕੀਨ ਸੈਮੀਨਾਰ ਹਾਲ ਵਿਖੇ ਆਯੋਜਿਤ ਕੀਤਾ ਗਿਆ। ਸਮਾਗਮ ਦਾ ਆਰੰਭ ਯੂਨੀਵਰਸਿਟੀ ਧੁਨੀ ਨਾਲ ਕਰਨ ਉਪਰੰਤ ਸਵਰਗਵਾਸੀ ਪ੍ਰੋਫੈਸਰ ਤਾਰਾ ਸਿੰਘ ਜੀ ਨੂੰ ਉਨਾਂ ਦੇ ਪਰਵਾਰ,

ਸਮੂਹ ਸ਼ਿਸ਼ ਮੰਡਲ ਅਤੇ ਆਏ ਮਹਿਮਾਨਾਂ ਦੁਆਰਾ ਪੁਸ਼ਪਾਂਜਲੀ ਅਰਪਿਤ ਕੀਤੀ ਗਈ। ਇਸ ਸਮੇਂ ਪ੍ਰੋਫੈਸਰ ਸਾਹਿਬ ਦੀ ਧਰਮਪਤਨੀ ਮਾਤਾ ਸੁਰਜੀਤ ਕੋਰ, ਬੇਟੀ ਪ੍ਰੋਫੈਸਰ ਕਮਲ ਸੋਹਲ ਅਤੇ ਪਰਾਵਾਰ ਦੇ ਹੋਰ ਮੈਂਬਰ ਹਾਜ਼ਰ ਸਨ।

ਸਮਾਗਮ ਵਿਚ ਪ੍ਰੋਫੈਸਰ ਸਾਹਿਬ ਦੀਆਂ ਰਚਨਾਵਾਂ ਦਾ ਗਾਇਨ ਆਰੰਭ ਕਰਦੇ ਹੋਏ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵਲੋਂ ਰਾਗ ਸਾਰੰਗ ਵਿਚ 'ਮਹਲਾ 4 ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ ਲਾਗੀ, ਮੈ ਹਰਿ ਹਰਿ ਹਰਿ ਟੇਕ ਦਿਨਸੁ ਸਭ ਰਾਤਿ' ਦਾ ਗਾਇਨ ਕੀਤਾ ਗਿਆ। ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਰਾਗ ਬਿਲਾਵਲ ਵਿਚ 'ਮਹਲਾ 5 ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੈ' ਪੜਤਾਲ ਰਚਨਾ ਦਾ ਗਾਇਨ ਕੀਤਾ ਗਿਆ।

ਇਸ ਅਵਸਰ 'ਤੇ ਡਾ. ਗੁਰਨਾਮ ਸਿੰਘ ਵਲੋਂ ਪ੍ਰੋਫੈਸਰ ਤਾਰਾ ਸਿੰਘ ਦੁਆਰਾ ਕੀਤੇ ਕਾਰਜਾਂ ਅਤੇ ਉਨਾਂ ਦੇ ਜੀਵਨ ਸਬੰਧੀ ਜਾਣਕਾਰੀ ਸਰੋਤਿਆਂ ਅਤੇ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਡਾ. ਸਾਹਿਬ ਦੇ ਵਿਦਿਆਰਥੀਆਂ ਨੂੰ ਦੱਸਿਆ ਕੇ ਪਟਿਆਲਾ ਦੀ ਧਰਤੀ ਅਦਬ ਦੀ ਧਰਤੀ ਹੈ ਇਸਨੇ ਪੰਜਾਬ ਦੀ ਸੰਗੀਤ, ਸਾਹਿਤ ਅਤੇ ਸਭਿਆਚਾਰਕ ਪਰੰਪਰਾਵਾਂ ਨੂੰ ਭਰਪੂਰ ਯੋਗਦਾਨ ਦਿੱਤਾ ਹੈ। ਸਾਨੂੰ ਸਾਡੇ ਪੂਰਵਜਾਂ ਅਤੇ ਅਧਿਆਪਕਾਂ ਦੇ ਪਾਏ ਹੋਏ ਪੂਰਨਿਆਂ 'ਤੇ ਚਲਦਿਆਂ ਇਸ ਪਰੰਪਰਾ ਨੂੰ ਪ੍ਰਚਾਰਣ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਇਥੇ ਇਹ ਵਰਣਨਯੋਗ ਹੈ ਕਿ ਡਾ. ਗੁਰਨਾਮ ਸਿੰਘ ਆਪਣੇ ਵਿਦੇਸ਼ ਦੌਰੇ ਨੂੰ ਸਮੇਟਦੇ ਹੋਏ ਅੱਜ ਸਵੇਰ ਹੀ ਦਿੱਲੀ ਪਰਤੇ ਸਨ, ਅਤੇ ਪਟਿਆਲਾ ਆਉਦੇ ਹੀ ਉਹ ਇਸ ਸਮਾਗਮ ਵਿਚ ਹਾਜ਼ਰ ਹੋਏ।

ਇਸ ਅਵਸਰ 'ਤੇ ਪ੍ਰੋਫੈਸਰ ਕਰਤਾਰ ਸਿੰਘ, ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੇ ਆਪਣੀਆਂ ਰਚਨਾਵਾ ਦੇ ਗਾਇਨ ਨਾਲ ਪ੍ਰੋਫੈਸਤ ਤਾਰਾ ਸਿੰਘ ਸਿਮ੍ਰਤੀ ਲੈਕਚਰ ਡਿਮਾਂਸਟ੍ਰੇਸ਼ਨ ਰਾਹੀਂ ਸਰੋਤਿਆਂ ਨੂੰ ਨਿਹਾਲ ਕੀਤਾ।

ਇਸ ਵਰ੍ਹੇ ਦਾ ਪ੍ਰੋਫੈਸਰ ਤਾਰਾ ਸਿੰਘ ਸਿਮ੍ਰਤੀ ਐਵਾਰਡ, ਅੰਮ੍ਰਿਤ ਕੀਰਤਨ ਟ੍ਰਸਟ ਚੰਡੀਗੜ੍ਹ ਦੇ ਚੇਅਰਮੈਨ ਅਤੇ ਉੱਘੇ ਗੁਰਮਤਿ ਸੰਗੀਤਾਚਾਰੀਆਂ ਡਾ. ਜਾਗੀਰ ਸਿੰਘ ਨੂੰ ਦਿੱਤਾ ਗਿਆ। ਆਪ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਯੋਗਦਾਨ ਪਾਉਣ ਵਾਲੇ ਮੋਹਰੀ ਕਤਾਰ ਦੇ ਸੰਗੀਤਾਚਾਰੀਆਂ ਵਿਚੋਂ ਹਨ। 1989 ਤੋਂ ਗੁਰਮਤਿ ਸੰਗੀਤ ਦੇ ਪਹਿਲੇ ਮਾਸਿਕ ਮੈਗਜ਼ੀਨ 'ਅੰਮ੍ਰਿਤ ਕੀਰਤਨ' ਦੇ ਨਿਰੰਤਰ ਪ੍ਰਕਾਸ਼ਨ ਤੇ ਵਿਸ਼ਵ ਵਿਆਪੀ ਵਿਤਰਣ ਨੂੰ ਸੰਭਵ ਬਨਉਣ ਦੇ ਨਾਲ ਨਾਲ ਗੁਰਮਤਿ ਸੰਗੀਤ ਦੀ ਮੌਲਿਕ ਤੇ ਟਕਸਾਲੀ ਸਰੂਪ ਦੀ ਜਾਣਕਾਰੀ ਦੇਣ ਵਾਲੀ ਪਹਿਲੀ ਵੈਬਸਾਈਟ 'www.amritkirtan.com' ਆਪ ਦੇ ਯਤਨਾਂ ਸਦਕਾ ਸੰਭਵ ਹੋਈ ਹੈ।

ਪ੍ਰੋਗ੍ਰਾਮ ਦਾ ਸੰਚਾਲਨ ਡਾ. ਕੰਵਲਜੀਤ ਸਿੰਘ (ਲੇਖਕ) ਅਤੇ ਡਾ. ਵਰਿੰਦਰ ਕੌਰ ਦੁਆਰਾ ਕੀਤਾ ਗਿਆ। ਇਸ ਮੌਕੇ 'ਤੇ ਪਹੁੰਚੀਆਂ ਉਘੀਆਂ ਸ਼ਖ਼ਸੀਅਤਾਂ ਵਿਚ ਡਾ. ਨਵਜੋਤ ਕੌਰ ਕਸੇਲ, ਡਾ. ਜਸਬੀਰ ਕੌਰ, ਡਾ. ਬਲਦੇਵ ਸਿੰਘ ਸੰਧੂ, ਡਾ. ਕੁਲਵੰਤ ਗਰੇਵਾਲ, ਸ. ਜਸਪਾਲ ਸਿੰਘ, ਡਾ. ਹੁਕਮ ਸਿੰਘ, ਡਾ. ਅਲੰਕਾਰ ਸਿੰਘ, ਸ. ਦਲੀਪ ਸਿੰਘ ਉੱਪਲ, ਉਸਤਾਦ ਮੁਜਤਬਾ ਹੁਸੈਨ, ਅਲੀ ਅਕਬਰ, ਡਾ. ਹਰਮਿੰਦਰ ਕੌਰ, ਡਾ. ਜਸਬੀਰ ਸਿੰਘ ਭਾਟੀਆ, ਪ੍ਰੋਫੈਸਰ ਅਰਸ਼ਪ੍ਰੀਤ ਸਿੰਘ ਰਿਦਮ, ਸ. ਜਸਬੀਰ ਸਿੰਘ ਜਵੱਦੀ, ਸ਼੍ਰੀ ਅਰੁਣ ਕੁਮਾਰ ਝਾਅ, ਸ਼੍ਰੀ ਜੈਦੇਵ, ਸ਼. ਹਰਪ੍ਰੀਤ ਸਿੰਘ ਸਾਹਨੀ, ਸ. ਜਤਿੰਦਰ ਸਿੰਘ ਆਦਿ ਸ਼ਾਮਿਲ ਸਨ।

ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਰਾਗ ਭੈਰਉ

ਜਬਰਜੰਗ ਸਿੰਘ

ਇਸ ਰਾਗ ਦੀ ਉਤਪਤੀ ਭੈਰਵ ਥਾਟ ਤੋਂ ਹੋਈ ਹੈ। ਇਸ ਰਾਗ ਵਿਚ ਕੋਈ ਸੁਰ ਵਰਜਿਤ ਨਾ ਹੋਣ ਕਾਰਨ ਇਸ ਦੀ ਜਾਤੀ ਸੰਪੂਰਣ-ਸੰਪੂਰਣ ਹੈ। ਇਸ ਦਾ ਵਾਦੀ ਸੁਰ ਧੈਵਤ ਕੋਮਲ (ਧੁ) ਅਤੇ ਸੰਵਾਦੀ ਸੁਰ ਰਿਸ਼ਭ ਕੋਮਲ (ਰੇ) ਹੈ ਜੋ ਕਿ ਅਤਿ ਕੋਮਲ ਅਤੇ ਅੰਦੋਲਿਤ ਹੋ ਕੇ ਇਸ ਰਾਗ ਵਿਚ ਪ੍ਰਯੋਗ ਕੀਤੇ ਜਾਂਦੇ ਹਨ। ਰਿਸ਼ਭ, ਧੈਵ ਕੋਮਲ ਤੋਂ ਇਲਾਵਾ ਰਾਗ ਭੈਰਉ ਵਿਚ ਬਾਕੀ ਸਾਰੇ ਬੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ ਅਤੇ ਇਸ ਦਾ ਗਾਇਨ ਸਮਾਂ ਅੰਮ੍ਰਿਤ ਵੇਲਾ ਹੈ।ਇਸ ਰਾਗ ਵਿਚ ਗ ਮ ਧੁs ਧੁs ਪ, ਅਤੇ ਗ ਮ ਰੇੁs ਰੇੁs ਦੀ ਸੁਰ ਸੰਗੀਤ ਦਾ ਬਾਰ ਬਾਰ ਪ੍ਰਯੋਗ ਕੀਤਾ ਜਾਂਦਾ ਹੈ। ਰਾਗ ਭੈਰਉ ਦੇ ਸਮਪ੍ਰਾਕ੍ਰਿਤਕ ਰਾਗ ਕਾਲਿੰਗੜਾ ਅਤੇ ਰਾਮਕਲੀ ਹਨ।

| 1 | 2 | 3 | 4 | 5 | 6 | 7 |
|---|---|---|---|---|---|---|
| **ਸਥਾਈ** | | | | | | |
| ਸ | – | ਗਮ | ਧੁ | ਧੁ | ਪ | – |
| ਦੀ | s | ਨs | ਦੁ | ਨੀ | ਆ | s |
| ਗ | ਮ | ਮ | ਰੇੁ | – | ਸ | – |
| ਤੇ | ਰੀ | s | ਟੇ | s | ਕ | s |
| ਨ਼ੀ | ਧ਼ੁ | – | ਸ | ਨ਼ੀ | ਰੇੁ | ਸ |
| ਸਭ | ਮਹਿ | s | ਰ | ਵਿ | ਆ | s |
| ਮ | ਗ | ਮ | ਰੇੁ | – | ਸ | – |
| ਸਾ | ਹਿ | ਬ | ਏ | s | ਕ | s |
| ਅੰਤਰਾ | | | | | | |
| ਮ | ਪ | – | ਧੁ | – | ਨੀ | ਨੀ |
| ਤੇ | ਰੀ | s | ਟੇ | s | ਕ | ਰ |
| ਸਂ | – | ਸਂ | ਰੇੁਂ | – | ਸਂ | – |
| ਹਾ | s | ਕਲਿ | ਮਾ | s | ਹਿ | s |
| ਗਂ | ਗਂ | ਮਂ | ਰੁਂ | – | ਸਂ | – |
| ਤੇ | ਰੀ | s | ਟੇ | s | ਕ | s |
| ਨੀ | ਧੁ | ਸਂਨਿ | ਧੁ | – | ਪ | – |
| ਤੇ | ਰੇ | ਗੁਣ | ਗਾ | s | ਹਿ | s |
| ਸਂ | ਨੀ | ਸਂ | ਧੁ | – | ਪ | ਪ |
| ਤੇ | ਰੀ | s | ਟੇ | s | ਕ | ਨ |
| ਮ | ਗ | ਮ | ਰੇੁ | – | ਸ | – |
| ਪੋ | ਹੈ | s | ਕਾ | s | ਲੁ | ਤ |
| ਸ | ਗ | ਮ | ਪ | – | ਪ | ਧੁ |
| ਤੇ | ਰੀ | s | ਟੇ | s | ਕ | ਬਿਨ |
| ਸਂਨੀ | ਧੁਨੀ | ਸਂਨੀ | ਧੁ | – | ਪ | – |
| ਸੈs | ss | ਜੰs | ਜਾ | s | ਲ | s |
| ਗ | ਗ | ਗਮ | ਰੇੁ | – | ਸ | – |
| ਬਿਨ | ਸੈ | ਜੰ | ਜਾ | s | ਲ | s |
| 0 | | | 1 | | 2 | |

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

ਅੰਗ ੧੧੪੭

ਭੈਰਉ ਮਹਲਾ ੫ ॥

ਤੇਰੀ ਟੇਕ ਰਹਾ ਕਲਿ ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥ ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ ਬਿਨਸੈ ਜੰਜਾਲੁ ॥੧॥ ਦੀਨ ਦੁਨੀਆ ਤੇਰੀ ਟੇਕ ॥ ਸਭ ਮਹਿ ਰਵਿਆ ਸਾਹਿਬੁ ਏਕ ॥੧॥ ਰਹਾਉ ॥ ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰ ਮੰਤ ॥ ਤੇਰੀ ਟੇਕ ਤਰੀਐ ਭਉ ਸਾਗਰੁ ॥ ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥ ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥ ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ ॥੩॥ ਤੇਰੀ ਟੇਕ ਤੇਰਾ ਭਰਵਾਸਾ ॥ ਸਗਲ ਧਿਆਵਹਿ ਪ੍ਰਭ ਗੁਣਤਾਸਾ ॥ ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥ ਸਿਮਰਿ ਨਾਨਕ ਸਾਚੇ ਗੁਣਤਾਸਾ ॥੪॥੨੬॥੩੯॥

Bhairao, Fifth Mehl:

With Your Support, I survive in the Dark Age of Kali Yuga. With Your Support, I sing Your Glorious Praises. With Your Support, death cannot even touch me.With Your Support, my entanglements vanish. ||1|| In this world and the next, I have Your Support. The One Lord, our Lord and Master, is all-pervading. ||1||Pause|| With Your Support, I celebrate blissfully. With Your Support, I chant the Guru's Mantra. With Your Support, I cross over the terrifying world-ocean.The Perfect Lord, our Protector and Savior, is the Ocean of Peace. ||2||With Your Support, I have no fear. The True Lord is the Inner-knower, the Searcher of hearts. With Your Support, my mind is filled with Your Power. Here and there, You are my Court of Appeal. ||3|| I take Your Support, and place my faith in You. All meditate on God, the Treasure of Virtue. Chanting and meditating on You, Your slaves celebrate in bliss. Nanak meditates in remembrance on the True Lord, the Treasure of Virtue. ||4||26||39||

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# <u>ਸਨਮਾਨ ਪੱਤਰ</u>

## ਪ੍ਰੋਫੈਸਰ (ਡਾ.) ਜਾਗੀਰ ਸਿੰਘ ਨੂੰ

## ਗੁਰਮਤਿ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ ਸਿਮ੍ਰਤੀ ਐਵਾਰਡ

ਸ਼੍ਰੋਮਣੀ ਰਾਗੀ ਡਾ. ਜਾਗੀਰ ਸਿੰਘ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਯੋਗਦਾਨ ਪਾਉਣ ਵਾਲੇ ਮੋਹਰੀ ਕਤਾਰ ਦੇ ਸੰਗੀਤਾਚਾਰੀਆਂ ਵਿਚੋਂ ਹਨ। 1989 ਤੋਂ ਗੁਰਮਤਿ ਸੰਗੀਤ ਦੇ ਪਹਿਲੇ ਮਾਸਿਕ ਮੈਗਜ਼ੀਨ 'ਅੰਮ੍ਰਿਤ ਕੀਰਤਨ' ਦੇ ਨਿਰੰਤਰ ਪ੍ਰਕਾਸ਼ਨ ਤੇ ਵਿਸ਼ਵ ਵਿਆਪੀ ਵਿਤਰਣ ਨੂੰ ਸੰਭਵ ਬਨਉਣ ਦੇ ਨਾਲ ਨਾਲ ਗੁਰਮਤਿ ਸੰਗੀਤ ਦੀ ਮੌਲਿਕ ਤੇ ਟਕਸਾਲੀ ਸਰੂਪ ਦੀ ਜਾਣਕਾਰੀ ਦੇਣ ਵਾਲੀ ਪਹਿਲੀ ਵੈਬਸਾਈਟ 'www.amritkirtan.com' ਆਪ ਦੇ ਯਤਨਾਂ ਸਦਕਾ ਸੰਭਵ ਹੋਈ ਹੈ।

ਗੁਰਮਤਿ ਸੰਗੀਤ ਦੀ ਦਾਤ ਆਪ ਨੂੰ ਆਪਣੇ ਪਿਤਾ ਸ਼੍ਰੋਮਣੀ ਰਾਗੀ ਭਾਈ ਉਤਮ ਸਿੰਘ 'ਪਤੰਗ' ਤੋਂ ਪ੍ਰਾਪਤ ਹੋਈ ਉਪਰੰਤ ਆਪ ਨੇ ਆਗਰਾ ਘਰਾਣੇ ਦੇ ਪ੍ਰਸਿਧ ਸ਼ਾਸਤਰੀ ਗਾਇਕ ਪੰਡਤ ਯਸ਼ਪਾਲ ਚੰਡੀਗੜ੍ਹ ਤੋਂ ਭਾਰਤੀ ਸ਼ਾਸਤਰੀ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ।ਆਪ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸਬੰਧ' ਵਿਸ਼ੇ 'ਤੇ ਪੀ-ਐਚ. ਡੀ. (1980) ਦੀ ਡਿਗਰੀ ਪ੍ਰਾਪਤ ਕਰਦਿਆਂ ਗੁਰਮਤਿ ਸੰਗੀਤ ਦੀ ਖੋਜ ਲਈ ਮੁੱਢਲਾ ਕਾਰਜ ਕੀਤਾ।

ਆਪ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਬਤੌਰ ਲੈਕਚਰਾਰ (1974-76) ਕਾਰਜ ਕਰਦੇ ਰਹੇ ਹਨ। ਆਪ ਪੰਜਾਬ ਸਕੂਲ ਸਿਖਿਆ ਬੋਰਡ ਮੁਹਾਲੀ ਵਿਖੇ ਸੇਵਾਵਾਂ (1976-2007) ਦਿੰਦਿਆਂ ਡਿਪਟੀ ਡਾਇਰੈਕਟਰ ਵਜੋਂ ਸੇਵਾ ਨਿਵ੍ਰਿਤ ਹੋਣ ਉਪਰੰਤ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਮੁਖੀ ਦੇ ਔਹਦੇ 'ਤੇ ਸੁਸ਼ੋਭਿਤ ਰਹੇ।

ਆਪ ਨੇ ਸਬਜੈਕਟ ਕਮੇਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਐਡਵਾਇਸਰੀ ਬੋਰਡ ਭਾਸ਼ਾ ਵਿਭਾਗ ਪੰਜਾਬ, ਐਡਵਾਇਸਰੀ ਬੋਰਡ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਧਪ੍ਰਦੇਸ਼ ਪੰਜਾਬੀ ਅਕੈਡਮੀ ਭੁਪਾਲ, ਐਡਵਾਇਸਰੀ ਬੋਰਡ ਪੰਜਾਬ ਐਂਡ ਸਿੰਧ ਬੈਂਕ ਡਿਵੀਜ਼ਨਲ ਮਿਊਜ਼ਿਕ ਆਰਕਾਈਵਜ਼, ਜਲੰਧਰ ਅਤੇ ਕੀਰਤਨ ਸਬ-ਕਮੇਟੀ, ਐਸ.ਜੀ.ਪੀ.ਸੀ. ਦੇ ਮੈਂਬਰ ਵਜੋਂ ਵੀ ਸੇਵਾਵਾਂ ਦਿਤੀਆਂ ਹਨ।

ਗੁਰਮਤਿ ਅਤੇ ਗੁਰਮਤਿ ਸੰਗੀਤ ਦੀਆਂ ਸੇਵਾਵਾਂ ਲਈ ਆਪ ਨੂੰ ਅਨੇਕਾਂ ਮਾਣ ਸਨਮਾਨ ਪ੍ਰਾਪਤ ਹੋਏ ਜਿਨਾਂ ਵਿੱਚੋਂ 2004 ਵਿਚ ਗੁਰੂ ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ ਪੁਸਤਕ ਲਈ ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ, ਪ੍ਰਥਮ ਪੁਰਸਕਾਰ; ਪੰਜਾਬ ਸਕੂਲ ਸਿਖਿਆ ਬੋਰਡ ਵਲੋਂ 'ਐਕਸਟ੍ਰਾਔਰਡੀਨੇਰੀ ਅਚੀਵਮੈਂਟ' ਐਵਾਰਡ; 2003 ਵਿਚ ਸੰਗੀਤ ਨਾਟਕ ਅਕੈਡਮੀ ਦਿੱਲੀ ਵਲੋਂ ਨੈਸ਼ਨਲ ਐਵਾਰਡ; 2002 ਵਿਚ ਜਵੱਦੀ ਟਕਸਾਲ ਲੁਧਿਆਣਾ ਵਲੋਂ ਗੁਰਮਤਿ ਸੰਗੀਤ ਐਵਾਰਡ, 2002 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਮੈਰੀਟੋਰੀਅਸ ਵਰਕ ਲਈ ਗੋਲਡ ਮੈਡਲ, 2000 ਵਿੱਚ ਸਿੱਖ ਐਜੂਕੇਸ਼ਨ ਸੋਸਾਇਟੀ ਚੰਡੀਗੜ੍ਹ ਵਲੋਂ ਸ਼੍ਰੋਮਣੀ ਰਾਗੀ ਐਵਾਰਡ, 1998 ਵਿਚ ਪੰਜਾਬੀ ਸਾਹਿਤ ਕਲਾ ਸੰਗਮ ਦਿੱਲੀ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਐਵਾਰਡ; 1995 ਵਿਚ ਭਾਈ ਗੰਗਾ ਸਿੰਘ, ਸਿੰਘ-ਸਭਾ, ਤਹਿਰਾਨ, ਈਰਾਨ ਵਲੋਂ ਸਨਮਾਨ ਪੱਤਰ; ਅਕੈਡਮੀ ਆਫ ਸਿੱਖ ਰੀਲੀਜਨ ਐਂਡ ਕਲਚਰ ਪਟਿਆਲਾ ਵਲੋਂ ਭਾਈ ਸਾਹਿਬ ਭਾਈ ਅਰਦਮਨ ਸਿੰਘ ਬਾਗੜੀਆਂ ਐਵਾਰਡ; 1992 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਵਲੋਂ ਸਨਮਾਨ ਪੱਤਰ; ਸ੍ਰੀ ਗੁਰੂ ਅਰਜਨ ਸਾਹਿਬ ਸੁਖਮਨੀ ਸੋਸਾਇਟੀ ਨਵੀਂ ਦਿੱਲੀ ਵਲੋਂ ਅਭਿਨੰਦਨ ਪੱਤਰ; ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵਲੋਂ ਪ੍ਰੋਫੈਸਰ ਤਾਰਾ ਸਿੰਘ ਐਵਾਰਡ; 1989 ਵਿਚ ਪੰਜਾਬ ਭਾਸ਼ਾ ਵਿਭਾਗ ਪਟਿਆਲਾ ਵਲੋਂ ਸ਼੍ਰੋਮਣੀ ਰਾਗੀ ਐਵਾਰਡ; 1987 ਵਿਚ ਚੀਫ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵਲੋਂ ਰਾਗੀ ਭਾਈ ਸੰਤਾ ਸਿੰਘ ਐਵਾਰਡ; 1985 ਵਿਚ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਵਲੋਂ ਮੈਰੀਟੋਰੀਅਸ ਸਰਵਿਸਜ਼ ਲਈ ਐਵਾਰਡ ਅਤੇ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ, ਚੰਡੀਗੜ੍ਹ ਦੁਆਰਾ ਫੈਲੋਸ਼ਿਪ ਐਮਰਿਟਸ ਪ੍ਰਮੁੱਖ ਹਨ।

ਡਾ. ਜਾਗੀਰ ਸਿੰਘ ਦੁਆਰਾ ਕੀਤੀਆ ਗਈਆਂ ਪ੍ਰਕਾਸ਼ਨਾਵਾਂ ਵਿਚੋਂ ਗੁਰੂ ਨਾਨਕ ਦੇਵ ਜੀ ਤੇ ਸੰਗੀਤ, ਗੁਰੂ ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ, ਫਰੀਦ ਬਾਣੀ  ਸੰਗੀਤਕ ਪਰਿਪੇਖ, ਕਾਵਿ ਅਤੇ ਸੰਗੀਤ : ਗੁਰਬਾਣੀ ਪਰਿਪੇਖ, ਗੁਰਮਤਿ ਮੀਮਾਂਸਾ, ਦਾਦਾ ਪੋਤਾ, ਅਜੋਕੀ ਪੰਜਾਬੀ ਦਾ ਵਿਆਕਰਣ ਅਤੇ ਲੇਖ ਰਚਨਾ, ਅੰਮ੍ਰਿਤ ਕੀਰਤਨ ਮੈਗਜ਼ੀਨ ਦਾ ਗੁਰਮਤਿ ਸੰਗੀਤ ਵਿਸ਼ੇਸ਼ਾਂਕ, ਕ੍ਰਮਿਕ ਪੁਸਤਕ ਮਲਿਕਾ ਭਾਗ ਪਹਿਲਾ ਦਾ ਪੰਜਾਬੀ ਅਨੁਵਾਦ ਵਿਸ਼ੇਸ਼ ਵਰਨਣਯੋਗ ਹਨ। ਆਪ ਨੇ ਦੇਸ਼ ਵਿਦੇਸ਼ ਵਿਚ ਕੀਰਤਨ ਪ੍ਰਸਤੁਤੀਆਂ ਰਾਹੀਂ ਗੁਰਮਤਿ ਸੰਗੀਤ ਦੇ ਪਰਚਾਰ ਪਰਸਾਰ ਵਿਚ ਵੱਡਾ ਯੋਗਦਾਨ ਪਾਇਆ ਹੈ।

ਅੱਜ ਮਿਤੀ 18 ਸਤੰਬਰ 2014 ਨੂੰ ਸਵਰਗੀ ਪ੍ਰੋਫੈਸਰ ਤਾਰਾ ਸਿੰਘ ਸਿਮ੍ਰਤੀ ਸਮਾਰੋਹ ਦੇ ਅਵਸਰ 'ਤੇ ਉਹਨਾਂ ਦੇ ਸਮੂਹ ਸ਼ਿਸ਼ ਮੰਡਲ ਵਲੋਂ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਆਪ ਦੇ ਨਿੱਗਰ ਯੋਗਦਾਨ ਲਈ ਗੁਰਮਤਿ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ ਸਿਮ੍ਰਤੀ ਐਵਾਰਡ ਦਿੰਦੇ ਹੋਏ ਸਾਨੂੰ ਸਭ ਨੂੰ ਅਥਾਹ ਖੁਸ਼ੀ ਅਤੇ ਗੌਰਵ ਮਹਿਸੂਸ ਹੋ ਰਿਹਾ ਹੈ।

| | |
|---|---|
| ਡਾ. ਨਵਜੋਤ ਕੌਰ ਕਸੇਲ | ਡਾ. ਗੁਰਨਾਮ ਸਿੰਘ |
| ਡੀਨ | ਪ੍ਰੋਫੈਸਰ ਤੇ ਮੁਖੀ |
| ਫੈਕਲਟੀ ਆਫ ਫਾਈਨ ਆਰਟਸ ਐਂਡ ਕਲਚਰ | ਗੁਰਮਤਿ ਸੰਗੀਤ ਚੇਅਰ, ਸੰਗੀਤ ਵਿਭਾਗ |

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

*******

ਵਲੋਂ : ਗੁਰਮਤਿ ਸੰਗੀਤ ਚੇਅਰ, ਸੰਗੀਤ ਵਿਭਾਗ ਅਤੇ ਸਮੂਹ ਸ਼ਿਸ਼ ਮੰਡਲ

Postal Regd. No. G/CHD /0045/2012-14 RNI Regd. No. 46788/89 ISSN 0972-2335






# ਗੁਰਮਤਿ ਸੰਗੀਤ ਵਿੱਚ ਤਬਲੇ ਦਾ ਸਥਾਨ

**ਇਕਵਾਕ ਸਿੰਘ ਪੱਟੀ**

ਨ, ਵਾਦਨ ਅਤੇ ਨ੍ਰਿਤ ਤਿੰਨਾਂ ਕਲਾਵਾਂ ਦਾ ਸੁਮੇਲ ਹੈ। ਤਾਲ, ਸੰਗੀਤ ਵਿੱਚ ਇੱਕ ਮਹੱਤਵਪੂਰਨ
, ਜਿਸਦੀ ਗਵਾਹੀ ਸੰਗੀਤ ਰਤਨਾਕਰ ਗ੍ਰੰਥ ਵਿੱਚ ਇਸ ਤਰ੍ਹਾਂ ਮਿਲਦੀ ਹੈ:

'ਗੀਤਮ ਵਦਿਅਮ ਤਥਾ ਨ੍ਰਿਤਯਮ ਯਤਸਤਾਲੇ ਪ੍ਰਤਿਸਠਿਤਮ'

ਨੇਰੇ ਘਰ ਵਿੱਚ ਰੋਸ਼ਨੀ ਕੀਤੇ ਬਗੈਰ ਉਸਦੀ ਸੁੰਦਰਤਾ ਦਾ ਸਹਿਜ ਨਹੀਂ ਲਗਾਇਆ ਜਾ ਸਕਦਾ
ੀ ਚਿਰਾਗ ਦੀ ਜ਼ਰੂਰਤ ਪੈਂਦੀ ਹੈ, ਬਿਲਕੁੱਲ ਇਸੇ ਤਰ੍ਹਾਂ ਸੰਗੀਤ ਵਿੱਚ ਤਾਲ ਇੱਕ ਚਿਰਾਗ ਦੀ
ਹੈ। ਇਸੇ ਤਰ੍ਹਾਂ ਤਬਲਾ ਸਾਜ ਇੱਕ ਤਾਲ ਸਾਜ ਹੈ ਅਤੇ ਇਸਦੇ ਸਾਥ ਤੋਂ ਬਿਨ੍ਹਾਂ ਸੰਗੀਤ ਅਧੂਰਾ

ੀਤ ਦੀ ਤਰ੍ਹਾਂ ਗੁਰਮਤਿ ਸੰਗੀਤ ਵਿੱਚ ਵੀ ਤਬਲੇ ਨੂੰ ਅਹਿਮ ਸਥਾਨ ਪ੍ਰਾਪਤ ਹੋਇਆ ਹੈ।
ਵਿੱਚ ਇਸਨੂੰ (ਜੋੜੀ) ਵੀ ਕਿਹਾ ਜਾਂਦਾ ਹੈ। ਇਸਦੀ ਸਿਖਲਾਈ ਲਈ ਗੁਰਮਤਿ ਦੇ ਖੇਤਰ ਵਿੱਚ
ਾਂ, ਟਕਸਾਲਾਂ ਅਤੇ ਵਿਸ਼ੇਸ਼ ਕਾਲਜ ਵੀ ਸਥਾਪਿਤ ਕੀਤੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ
ਕਾਸ਼ੀ, ਬਠਿੰਡਾ, ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ, ਸ਼ਹੀਦ ਸਿੱਖ ਮਿਸ਼ਨਰੀ
ਰ ਤੋਂ ਇਲਾਵਾ ਬੁੱਢਾ ਜੋਹੜ ਰਾਜਸਥਾਨ ਵਿਖੇ ਤਬਲਾ ਸਿਖਲਾਈ ਲਈ ਵਿਸ਼ੇਸ਼ ਵਿਦਿਆਲੇ ਚੱਲ
ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਵੱਲੋਂ, 20 ਅਪ੍ਰੈਲ 1995 ਤੋਂ ਸਿਖ ਮਿਸ਼ਨਰੀ ਕਾਲਜ,
ਰ ਵਿਖੇ ਬਕਾਇਦਾ ਕੀਰਤਨ ਸਿਖਲਾਈ, ਤਿੰਨ ਸਾਲਾ ਪ੍ਰਚਾਰਕ ਡਿਪਲੋਮਾ ਅਤੇ ਤਬਲੇ ਦੇ ਵਿਸ਼ੇ
ੇਗੁਲਰ ਕੋਰਸ ਸ਼ੁਰੂ ਕੀਤਾ ਹੋਇਆ ਹੈ, ਜੋ ਨਿਰੰਤਰ ਜਾਰੀ ਹੈ ਅਤੇ ਇੱਥੋਂ ਦੇ ਕਈ ਸਿੱਖਿਆ
ਦਕ ਆਪਣੀ ਕਲਾ ਦਾ ਪ੍ਰਦਰਸ਼ਨ ਦੇਸ਼-ਵਿਦੇਸ਼ ਵਿੱਚ ਕਰ ਰਹੇ ਹਨ। ਹੱਥਲੀ ਕਿਤਾਬ ਦੇ ਲੇਖਕ
001 ਜੁਲਾਈ 2004 ਤੱਕ ਇਸੇ ਕਾਲਜ ਤੋਂ ਪ੍ਰੋ. ਬਲਜੀਤ ਸਿੰਘ ਜੀ ਪਾਸੋਂ ਤਬਲੇ ਦੀ ਸਿੱਖਿਆ
ੀ ਹੈ। ਇਸ ਤੋਂ ਇਲਾਵਾ ਭੋਰ ਸੈਦਾਂ, ਕੁਰਕਸ਼ੇਤਰ ਵਿੱਚ ਵੀ ਸਿੱਖ ਮਿਸ਼ਨਰੀ ਕਾਲਜ ਆਪਣੀ
ਗੁਰਮਤਿ ਸੰਗੀਤ ਸਿੱਖਿਆ ਦੇ ਪ੍ਰਚਾਰ ਲਈ ਨਿਭਾਅ ਰਿਹਾ ਹੈ। ਦਮਦਮੀ ਟਕਸਾਲ ਵੱਲੋਂ ਵੀ
ਦਿਆਲਿਆਂ ਰਾਹੀਂ ਸੰਗੀਤ (ਹਰਮੋਨੀਅਮ) ਨਾਲ ਤਬਲੇ ਦੀ ਸਿੱਖਿਆ ਮੰਨੇ-ਪ੍ਰਮੰਨੇ ਉਸਤਾਦਾਂ
ਬਲਾ ਸਿੱਖਿਆਰਥੀਆਂ ਨੂੰ ਦਿੱਤੀ ਜਾ ਰਹੀ ਹੈ।

ੀਤ ਵਿੱਚ ਤਬਲਾ, ਗਾਇਨ ਦੇ ਅੰਤਰਗਤ ਰਹਿ ਕੇ ਵਜਾਇਆ ਜਾਂਦਾ ਹੈ ਅਤੇ ਕੀਰਤਨ ਵਿੱਚ
ਨੂੰ ਇੱਕ ਤਾਲ ਸਾਜ ਵੱਜੋਂ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ। ਗੁਰਮਤਿ ਸੰਗੀਤ ਵਿੱਚ ਪੜਤਾਲ
ਲੇ ਦਾ ਵਾਦਨ ਬਹੁਤ ਹੀ ਬਾਖੂਬੀ ਅਤੇ ਵਿਧੀ ਪੂਰਵਕ ਕੀਤਾ ਜਾਂਦਾ ਹੈ।

ਰੰਭ ਕਰਨ ਵੇਲੇ ਮੰਗਲਚਰਣ ਪੇਸ਼ ਕਰਦੇ ਹੋਏ ਵਿਲੰਬਿਤ ਲੈਅ ਵਿੱਚ ਭਰਵੇਂ ਬੋਲਾਂ ਨਾਲ ਅਤੇ

ਕਈ ਵਾਰ ਖੁੱਲ੍ਹ
ਪੁਰਤਾਨ ਸਮੇਂ
ਕੀਰਤਨ ਕਰਨ
ਵਿੱਚ ਕੇਵਲ ਤਿ
ਜੋ ਤਾਲ ਅਤੇ ਲੈ
ਸਾਹਿਬ, ਅੰਮ੍ਰਿ
ਜਦ ਆਸਾ ਕੀ
ਵਾਦਕ ਹੀ ਕਰ
ਪ੍ਰਦਰਸ਼ਨ ਵੀ ਕ

ਗੁਰਮਤਿ
ਦੌਰਾਨ ਤਬਲਾ
ਰਿਹਾ ਹੈ, ਉਸ
ਨਹੀਂ ਲਿਆ ਜ
ਇਸ ਗੱਲ ਦਾ
ਗੁਰਮਤਿ ਸੰਗੀ

ਅੱਜ ਕੱਲ
ਪ੍ਰਬੰਧਕ ਕਮੇਟੀ
ਫੈਸਲਾ ਲਿਆ
ਕਮੇਟੀ ਦਾ ਇ
ਸਾਹਿਬ ਵਿਖੇ
ਇੱਕ ਤਬਲਾ ਅ

ਤਬਲਾ ਗੁ
ਬਿਨ੍ਹਾਂ ਗੁਰਮਤਿ
ਪੁਸਤਕ ਸੰਗੀ